ਵੱਲੋ

Passiana Kandia to Samana

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ.ਨਿ.ਵਿ. ਭ.ਤੇਮ. ਸ਼ਾਖਾ,
ਪਟਿਆਲਾ।

ਵੱਲ

Reliance Jio,
Infocomm Limited,
C/o. RJIL, C-135; Phase-8, Industrial Area,
Mohali.

ਮੀਮੋ ਨੰ. 4598 ਮਿਤੀ: 19-10-15

ਵਿਸ਼ਾ:- **Proposal for grant of permission for laying Optical Fiber Cable along the routes: On Samana-Patiala Route Total length 23700 mtr.**

ਹਵਾਲਾ:- ਆਪ ਦਾ ਪੱਤਰ ਨੰ. RJIL/OFC/ROW/HR-NLD/4C/18 ਮਿਤੀ:19-08-2015

ਉਪਰੋਕਤ ਵਿਸ਼ੇ ਸਬੰਧੀ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.2 ਲੋ.ਨਿ.ਵਿ ਭਤੇਮ ਸ਼ਾਖਾ, ਪਟਿਆਲਾ ਵੱਲੋਂ ਕੀਤੀ ਗਈ ਸਿਫਾਰਿਸ ਨੂੰ ਮੁੱਖ ਰੱਖਦੇ ਹੋਏ ਵਿਸ਼ੇ ਵਿੱਚ ਦਰਜ ਕੰਮ ਦਾ ਐਨ.ਓ.ਸੀ. ਹੇਠ ਲਿਖੀਆਂ ਸ਼ਰਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ:-

1. ਕੰਪਨੀ ਵੱਲੋ ਕੇਬਲ ਪੀ.ਡਬਲਿਯੂ.ਡੀ ਦੀ ਹੱਦ ਤੇ ਪਾਈ ਜਾਵੇ।
2. ਕੇਬਲ ਪਾਉਣ ਤੋ ਪਹਿਲਾਂ ਲੋਕ ਨਿਰਮਾਣ ਵਿਭਾਗ ਦੇ ਕਰਮਚਾਰੀਆਂ/ਅਧਿਕਾਰੀਆਂ ਨੂੰ ਸੂਚਿਤ ਕਰਕੇ ਉਹਨਾਂ ਦੀ ਦੇਖ ਰੇਖ ਵਿੱਚ ਕੇਬਲ ਪਾਈ ਜਾਵੇ।
3. ਕੇਬਲ ਪਾਉਣ ਸਮੇ ਲੋੜੀਦੇ ਸੇਫ਼ਟੀ ਦੇ ਤਰੀਕਿਆਂ ਦਾ ਧਿਆਨ ਰੱਖਿਆ ਜਾਵੇ ਤਾਂ ਜੋ ਟ੍ਰੈਫਿਕ ਨੂੰ ਕਿਸੇ ਕਿਸਮ ਦਾ ਵਿਘਨ ਨਾ ਆਵੇ।
4. ਕੇਬਲ ਸਿਰਫ ਪਿੱਟ ਮਾਰਕੇ ਪਾਈ ਜਾਵੇ ਅਤੇ ਕਿਸੇ ਵੀ ਹਾਲਤ ਵਿੱਚ ਪੱਕੀ ਸੜਕ ਅਤੇ ਬਰਮ ਨੂੰ ਕਿਤੋ ਵੀ ਕੱਟਿਆ ਨਾ ਜਾਵੇ।
5. ਕੰਮ ਕਰਨ ਉਪਰੰਤ ਪਿੱਟ ਨੂੰ ਪੂਰੀ ਤਰ੍ਹਾਂ ਭਰਕੇ ਚੰਗੀ ਤਰ੍ਹਾਂ ਕੰਪੈਕਸ਼ਨ ਕਰਕੇ ਸਹੀ ਢੰਗ ਨਾਲ ਡਰੈਸਿੰਗ ਕੀਤੀ ਜਾਵੇ।
6. ਕੇਬਲ ਘੱਟ ਤੋ ਘੱਟ 1.65 ਮੀਟਰ ਡੂੰਘਾਈ ਤੇ ਪਾਈ ਜਾਵੇ ਜੀ।
7. ਭਵਿੱਖ ਵਿੱਚ ਜੇਕਰ ਸੜਕ ਨੂੰ ਚੌੜਾ ਕਰਨ ਲਈ ਕੇਬਲ ਨੂੰ ਸਿਫ਼ਟ ਕਰਨ ਦੀ ਲੋੜ ਪਈ ਤਾਂ ਸਬੰਧਤ ਕੰਮਨੀ ਵੱਲੋ ਆਪਣੇ ਖਰਚੇ ਤੇ ਸਿਫਟ ਕਰਵਾਈ ਜਾਵੇਗੀ।
8. ਇਹ ਕੰਮ ਉਪ ਮੰਡਲ ਇੰਜੀਨੀਅਰ/ਜੂਨੀਅਰ ਇੰਜੀਨੀਅਰ ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਨੰ.2 ਲੋ.ਨਿ.ਵਿ. ਭਤੇਮ ਸ਼ਾਖਾ, ਪਟਿਆਲਾ ਦੀ ਨਿਗਰਾਨੀ ਵਿੱਚ ਕਰਵਾਇਆ ਜਾਵੇ ਅਤੇ ਕੰਮ ਸ਼ੁਰੂ ਕਰਨ ਤੋ ਪਹਿਲਾਂ ਵਣ ਵਿਭਾਗ ਤੋ ਐਨ.ਓ.ਸੀ. ਲੈਣਾ ਯਕੀਨੀ ਬਣਾਇਆ ਜਾਵੇ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ.ਨਿ.ਵਿ. ਭ.ਤੇਮ. ਸ਼ਾਖਾ,
ਪਟਿਆਲਾ।

ਪਿੱਠ ਅੰਕਣ ਨੰ. ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਨੰ.2 ਲੋ.ਨਿ.ਵਿ. ਭਤੇਮ ਸ਼ਾਖਾ ਪਟਿਆਲਾ ਨੂੰ ਉਹਨਾਂ ਦੇ ਪੱਤਰ ਨੰ.297 ਮਿਤੀ:10-09-2015 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ.ਨਿ.ਵਿ. ਭ.ਤੇਮ. ਸ਼ਾਖਾ,

ਵੱਲੋਂ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1 ਲੋ: ਨਿ: ਵਿ:,
ਭ ਤੇ ਮ ਸ਼ਾਖਾ, ਪਟਿਆਲਾ।

ਵੱਲ

Reliance,Jio Infocomm Ltd.
C-135, Phase-8, Industrial Area,
Mohali - 160071

ਮੀਮੋ ਨੰਬਰ : 11173 ਮਿਤੀ 19/2/2016

ਵਿਸ਼ਾ : **Proposal for grant of permission for laying Optical Fiber Cable Along the Routes (From Passi Road to Fountain Chowk via Rajbaha Road)**

ਹਵਾਲਾ ਆਪ ਦਾ ਪੱਤਰ ਨੰ: **RJIL/OFC/ROW/HR-NLD/18-V** ਮਿਤੀ 24.09.2015

ਉਪਰੋਕਤ ਵਿਸ਼ੇ ਸਬੰਧੀ ਉਪ ਮੰਡਲ ਇੰਜੀਨੀਅਰ ਪ੍ਰਾਂਤਕ ਉਪ ਮੰਡਲ ਨੰ: 6, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਪਟਿਆਲਾ ਵੱਲੋਂ ਕੀਤੀ ਗਈ ਸਿਫ਼ਾਰਿਸ਼ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦਾ ਐਨ.ਓ.ਸੀ. ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਜਾਰੀ ਕੀਤਾ ਜਾਂਦਾ ਹੈ:-

1. ਕੇਬਲ ਲੋਕ ਨਿਰਮਾਣ ਵਿਭਾਗ ਦੀ ਹੱਦ (ਬਾਊਂਡਰੀ) ਦੇ ਨਾਲ ਨਾਲ ਪਾਈ ਜਾਵੇ।
2. ਕੇਬਲ ਪਾਉਣ ਸਮੇਂ ਸੜਕ ਨੂੰ ਕੋਈ ਨੁਕਸਾਨ ਨਾ ਹੋਵੇ।
3. ਆਵਾਜਾਈ ਵਿੱਚ ਕੋਈ ਵਿਘਨ ਨਾ ਪਵੇ।
4. ਕੇਬਲ ਪਾਉਣ ਤੋਂ ਬਾਅਦ ਮਿਟੀ ਦੀ ਚੰਗੀ ਤਰ੍ਹਾਂ ਭਰਾਈ ਅਤੇ ਪਾਣੀ ਪਾ ਕੇ ਕੰਪੈਕਸ਼ਨ ਕੀਤੀ ਜਾਵੇ।
5. ਕੇਬਲ ਪਾਉਣ ਲਈ ਟਰੈਚ ਨੂੰ ਲੋਕ ਨਿਰਮਾਣ ਵਿਭਾਗ ਦੀ ਹੱਦ (ਬਾਊਂਡਰੀ) ਤੇ ਪੁਟਿਆ ਜਾਵੇ ਅਤੇ ਜੇ ਕਿਤੇ ਕੋਈ ਰੋਡ ਹੇਠਾਂ ਦੀ ਕੇਬਲ ਲੰਘਾਉਣੀ ਹੋਵੇ ਤਾਂ ਸੜਕ ਨੂੰ ਬਿਨਾਂ ਕੇਬਲ ਡਰਿਲ ਮਸ਼ੀਨ ਰਾਹੀਂ ਪਾਈ ਜਾਵੇ।
6. ਕੇਬਲ ਇਸ ਵਿਭਾਗ ਦੇ ਜੇ.ਈ./ਉਪ ਮੰਡਲ ਇੰਜੀਨੀਅਰ ਦੀ ਹਾਜ਼ਰੀ ਵਿੱਚ ਪਾਈ ਜਾਵੇ।
7. ਵਣ ਵਿਭਾਗ ਤੋਂ ਐਨ.ਓ.ਸੀ. ਲੈਣ ਦੀ ਜ਼ਿੰਮੇਵਾਰੀ ਸਬੰਧਤ ਵਿਭਾਗ ਦੀ ਹੋਵੇਗੀ।
8. ਕੇਬਲ ਮੌਜੂਦਾ ਲੈਵਲ ਤੋਂ ਘੱਟੋਂ ਘੱਟ 1.65 ਮੀਟਰ ਡੂੰਘੀ ਪਾਉਣੀ ਯਕੀਨੀ ਬਣਾਈ ਜਾਵੇ।
9. ਇਹ ਮੰਨਜ਼ੂਰੀ ਇਸ ਸ਼ਰਤ ਤੇ ਹੋਵੇਗੀ ਕਿ ਜੇਕਰ ਭਵਿੱਖ ਵਿੱਚ ਸੜਕ ਚੌੜੀ ਕਰਨੀ ਪੈਂਦੀ ਹੈ ਅਤੇ ਇਹ ਕੇਬਲ ਹਟਾਉਣੀ ਪੈਂਦੀ ਹੈ ਤਾਂ Reliance,Jio Infocomm Ltd ਆਪਣੇ ਖ਼ਰਚੇ ਤੇ ਇਸ ਕੇਬਲ ਨੂੰ ਹਟਾਉਣ ਦੀ ਪਾਬੰਧ ਹੋਵੇਗੀ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1 ਲੋ: ਨਿ: ਵਿ:,
ਭ ਤੇ ਮ ਸ਼ਾਖਾ, ਪਟਿਆਲਾ।

ਪਿੱਠ ਅੰਕਣ ਨੰਬਰ ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ: 6, ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: 563 ਮਿਤੀ 26.11.2015 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਡੀ.ਡੀ. ਨੰ: 641738 ਮਿਤੀ 25.01.2016 ਰਕਮ 3120/- ਰੁਪਏ ਦਾ ਸਰਕਾਰੀ ਖਜ਼ਾਨੇ ਵਿੱਚ ਚਲਾਨ ਰਾਹੀਂ ਜਮ੍ਹਾਂ ਕਰਵਾਇਆ ਜਾਵੇ ਅਤੇ ਆਪਣੀ ਕੈਸ਼ ਬੁੱਕ ਵਿੱਚ ਦਰਜ ਕਰ ਲਿਆ ਜਾਵੇ। ਚਲਾਨ ਦੀ ਕਾਪੀ ਇਸ ਦਫ਼ਤਰ ਨੂੰ ਭੇਜੀ ਜਾਵੇ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰਬਰ 1 ਲੋ: ਨਿ: ਵਿ:,
ਭ ਤੇ ਮ ਸ਼ਾਖਾ, ਪਟਿਆਲਾ।